# ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ

## ਭਰਤੀ ਸੈਲ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

## 222 ਸਕੂਲਾਂ ਵਿੱਚ ਮੁੱਖ ਅਧਿਆਪਕਾਂ ਦੀ ਠੇਕਾ ਅਧਾਰਿਤ ਭਰਤੀ ਸਬੰਧੀ

ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਅਧੀਨ ਚਲਾਏ ਜਾ ਰਹੇ ਹਾਈ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਦੀਆਂ ਹੇਠ ਲਿਖਿਆਂ ਅਸਾਮੀਆਂ ਦੀ ਠੇਕੇ ਦੇ ਅਧਾਰ ਤੇ ਭਰਤੀ ਕਰਨ ਦੀ ਤਜਵੀਜ ਹੈ। ਇਸ ਸਬੰਧੀ ਯੋਗ ਉਮੀਦਵਾਰਾਂ ਪਾਸੋਂ ਆਨਲਾਈਨ ਦਰਖਾਸਤਾਂ ਮਿਤੀ 22.10.1012 ਤੋਂ 05.11.2012 ਤੱਕ ਮੰਗੀਆ ਜਾਂਦੀਆਂ ਹਨ:-

**1. ਅਸਾਮੀ ਦਾ ਨਾਂ** : **ਮੁੱਖ ਅਧਿਆਪਕ**

**2. ਅਸਾਮੀਆਂ ਦੀ ਗਿਣਤੀ** : 222 (**ਕੈਟਾਗਿਰੀ ਵਾਈਜ ਅਸਾਮੀਆਂ ਦੀ ਵੰਡ**)

| **ਲੜੀ ਨੰ:** | **ਕੈਟਾਗਿਰੀ** | **ਅਸਾਮੀਆਂ ਦੀ ਗਿਣਤੀ** |
|---|---|---|
| 1) | ਜਨਰਲ | 111 |
| 2) | ਅਨੁਸੂਚਿਤ ਜਾਤੀ | 45 |
| 3) | ਅਨੁਸੂਚਿਤ ਜਾਤੀ (ਸਾਬਕਾ ਸੈਨਿਕ) | 09 |
| 4) | ਅਨੁਸੂਚਿਤ ਜਾਤੀ (ਖਿਡਾਰੀ) | 02 |
| 5) | ਪਛੜੀਆਂ ਸ੍ਰੇਣੀਆਂ | 22 |
| 6) | ਪਛੜੀਆਂ ਸ੍ਰੇਣੀਆਂ(ਸਾਬਕਾ ਸੈਨਿਕ) | 04 |
| 7) | ਅਪਾਹਜ | 07 |
| 8) | ਅਜਾਦੀ ਘੁਲਾਟੀਏ | 02 |
| 9) | ਸਾਬਕਾ ਸੈਨਿਕ | 16 |
| 10) | ਖਿਡਾਰੀ | 04 |
| | ਜੋੜ | 222 |

**3. ਮਾਸਿਕ ਯਕਮੁਸ਼ਤ ਤਨਖਾਹ** : 40,000/- (**ਉੱਕਾ ਪੁੱਕਾ**)

**4. ਮੁਢਲੀ ਯੋਗਤਾ ਅਤੇ ਕਿੱਤਾ ਮੁੱਖੀ ਯੋਗਤਾ** :

(1) B.A./B.Sc./B.Com (ਘੱਟੋ ਘੱਟ 50% ਅੰਕ) ਅਤੇ ਬੀ.ਐਡ (ਘੱਟੋ ਘੱਟ 55% ਅੰਕ)
(2) ਵਿਦਿਅਕ ਯੋਗਤਾ ਯੂ.ਜੀ.ਸੀ. ਵੱਲੋਂ ਮਾਨਤਾ ਪ੍ਰਾਪਤ ਯੂਨਿਵਰਸਿਟੀ ਤੋਂ ਹੋਣੀ ਲਾਜਮੀ ਹੈ।

**5. ਤਜਰਬਾ:**

ਮਾਸਟਰ/ਲੈਕਚਰਾਰ ਦੇ ਤੌਰ ਤੇ ਘੱਟੋ-ਘੱਟ 7 ਸਾਲ ਦਾ ਤਜਰਬਾ ਹੋਵੇ। ਇਹ ਤਜਰਬਾ ਕਿਸੇ ਵੀ ਸਰਕਾਰੀ/ਏਡਿਡ/ICSE/CBSE ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ (Affiliated) ਸਕੂਲ ਤੋਂ ਬਤੌਰ ਐਸ.ਐਸ./ਸਾਇੰਸ/ਕਾਮਰਸ/ਮੈਥ/ਹਿੰਦੀ/ਪੰਜਾਬੀ/ਅੰਗਰੇਜੀ ਮਾਸਟਰ/ਲੈਕਚਰਾਰ ਦੇ ਤੌਰ ਤੇ ਹੋਵੇ। ਇਹ ਤਜਰਬਾ ਸਰਟੀਫਿਕੇਟ ਸਕੂਲ ਦੇ ਮੁੱਖੀ ਵੱਲੋਂ ਜਾਰੀ ਹੋਣ ਉਪਰੰਤ ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ ( ਸਕੈਂਡਰੀ ਸਿੱਖਿਆ) ਤੋਂ ਪ੍ਰਤੀ ਹਸਤਾਖਰ ਹੋਣਾ ਜਰੂਰੀ ਹੈ।

* ਤਜਰਬਾ ਸਰਟੀਫਿਕੇਟ ਦੀ ਪੂਰੀ ਤਫਤੀਸ਼ ਨਿਯੁਕਤੀ ਹੋਣ ਤੋਂ ਪਹਿਲਾਂ ਕੀਤੀ ਜਾਵੇਗੀ। ਜਾਅਲੀ/ਗਲਤ ਸਰਟੀਫਿਕੇਟ ਦੇਣ ਵਾਲੇ ਉਮੀਦਵਾਰ ਦੀ ਨਿਯੁਕਤੀ ਰੱਦ ਕਰਦੇ ਹੋਏ ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

**6. ਅਰਜੀ ਦੀ ਫੀਸ** :

(1) ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ 500/-
(2) ਰਿਜਰਵ ਕੈਟਾਗਿਰੀ (ਐਸ.ਸੀ./ਐਸ.ਟੀ) 250/-
(3) ਸਾਬਕਾ ਸੈਨਿਕ ਖੁੱਦ ਕੋਈ ਨਹੀਂ

(ਸਾਬਕਾ ਸੈਨਿਕ (ਖੁੱਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ ਬਸ਼ਰਤੇ ਕਿ ਭਾਰਤ ਸਰਕਾਰ ਅਧੀਨ ਨੌਕਰੀ ਦਾ, ਉਹਨਾਂ ਦਾ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਹੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾ ਕੀਤੇ ਗਏ ਹੋਣ। ਸਾਬਕਾ ਸੈਨਿਕਾਂ ਦੇ ਆਸਰਿਤਾ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ ਅਸਲ Lineal Descendent Certificate (LDC) ਕਾਉਨਸਲਿੰਗ ਵੇਲੇ ਜਮਾਂ ਕਰਵਾਉਣਾ ਹੋਵੇਗਾ।

** ਉਮੀਦਵਾਰ ਅਰਜੀ ਦੀ ਫੀਸ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਸਟੇਟ ਬੈਂਕ ਆਫ ਪਟਿਆਲਾ ਦੀ ਕਿਸੇ ਵੀ ਸ਼ਾਖਾ ਵਿੱਚ ਖਾਤਾ ਨੰ: 65151701476 ਜਾਂ ਪੰਜਾਬ ਨੈਸਨਲ ਬੈਂਕ ਵਿੱਚ ਖਾਤਾ ਨੰ: 3252000100616260 ਵਿੱਚ ਜਮ੍ਹਾਂ ਕਰਵਾਉਣਗੇ ਅਤੇ ਕਾਉਨਸਲਿੰਗ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।*

**7. ਨਿਰਧਾਰਿਤ ਸ਼ਰਤਾ:**

1) ਭਰਤੀ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗੀ।
2) ਅਨੁਸੂਚਿਤ ਜਾਤੀ / ਪਿਛੜੀ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਮੁੱਢਲੀ ਯੋਗਤਾ ਅਤੇ ਕਿੱਤਾ ਮੁੱਖੀ ਯੋਗਤਾ ਵਿੱਚ ਪਾਸ ਅੰਕਾਂ ਵਿਚੋਂ 5% ਅੰਕਾਂ ਦੀ ਛੋਟ ਦਿੱਤੀ ਜਾਵੇਗੀ।
3) ਬਿਨੈਕਾਰ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
4) ਇਹ ਨਿਯੁਕਤੀਆਂ ਸਾਰੀਆਂ ਕੈਟਾਗਰੀਆਂ ਲਈ ਮੁੱਢਲੇ ਤੌਰ ਤੇ ਇੱਕ ਸਾਲ ਦੇ ਠੇਕੇ 'ਤੇ ਯਕਮੁਸਤ ਰਕਮ ਤੇ ਕੀਤੀਆਂ ਜਾਣੀਆਂ ਹਨ। ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ ਹੋਣ ਦੀ ਸੂਰਤ ਵਿੱਚ ਸਮਾਂ ਅੱਗੇ ਵਧਾਇਆ ਜਾ ਸਕਦਾ ਹੈ।
5) ਉਮੀਦਵਾਰ ਨੇ ਪੰਜਾਬੀ ਘੱਟੋ ਘੱਟ ਦਸਵੀਂ ਪੱਧਰ ਤੱਕ ਪਾਸ ਕੀਤੀ ਹੋਵੇ।
6) ਅਸਾਮੀ ਲਈ ਆਨ ਲਾਈਨ ਅਪਲਾਈ ਕਰ ਰਹੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਹ ਸਾਰੀਆ ਨਿਰਧਾਰਿਤ ਯੋਗਤਾਵਾ ਅਤੇ ਸ਼ਰਤਾਂ ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਪੂਰੀਆ ਕਰਦੇ ਹੋਣ। ਜੇਕਰ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਿਸੇ ਵੀ ਸਮੇਂ ਜਾਂਚ ਕਰਨ ਤੇ ਇਹ ਪਾਇਆ ਜਾਂਦਾ ਹੈ ਕਿ ਉਹ ਨਿਰਧਾਰਤ ਸਮੇਂ ਤੇ ਯੋਗਤਾ/ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਪੇਸ਼ ਕੀਤੀ ਜਾਣਕਾਰੀ ਝੂਠੀ ਜਾਂ ਗਲਤ ਪਾਈ ਗਈ ਤਾਂ ਉਹਨਾਂ ਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ ਅਤੇ ਅਪਰਾਧਿਕ ਨਿਯਮਾਂ ਅਧੀਨ ਵੱਖਰੇ ਤੌਰ ਤੇ ਕਾਰਵਾਈ ਵੀ ਕੀਤੀ ਜਾਵੇਗੀ।
7) ਜਿਹੜੇ ਉਮੀਦਵਾਰ ਰਿਜਰਵ ਕੈਟਾਗਿਰੀ ਦੇ ਰਾਖਵੇਕਰਨ ਦਾ ਲਾਭ ਲੈਣਾ ਚਾਹੁੰਦੇ ਹਨ ਉਹ ਸਬੰਧਤ ਸਮੱਰਥ ਅਧਿਕਾਰੀ ਵਲੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਕਾਊਸਲਿੰਗ ਸਮੇਂ ਲੈ ਕੇ ਆਉਣਗੇ ਅਤੇ ਰਿਜਰਵ ਕੈਟਾਗਿਰੀ ਲਈ ਰਾਖਵਾਂਕਰਨ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਨਿਯਮਾਂ/ਹਦਾਇਤਾਂ ਅਨੁਸਾਰ ਹੋਵੇਗਾ।
8) ਐਸ.ਸੀ./ਬੀ.ਸੀ./ਐਸ.ਟੀ ਸਰਟੀਫਿਕੇਟ ਪੰਜਾਬ ਸਰਕਾਰ (ਭਲਾਈ ਵਿਭਾਗ) ਦੀਆਂ ਹਦਾਇਤਾਂ ਅਨੁਸਾਰ ਹੋਣੇ ਚਾਹੀਦੇ ਹਨ ਅਤੇ ਐਕਸ ਸਰਵਿਸਮੈਨ ਦੇ ਸਰਟੀਫਿਕੇਟ ਸਬੰਧਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹੋਣੇ ਚਾਹੀਦੇ ਹਨ। ਜਿਨ੍ਹਾਂ ਉਮੀਦਵਾਰਾਂ ਨੇ ਸਪੋਰਟਸ ਕੈਟਾਗਰੀ ਵਿੱਚ ਅਪਲਾਈ ਕਰਨਾ ਹੈ ਉਨ੍ਹਾਂ ਲਈ ਇਹ ਲਾਜਮੀ ਹੋਵੇਗਾ ਕਿ ਅਪਲਾਈ ਕਰਨ ਤੋਂ ਪਹਿਲਾਂ ਉਨ੍ਹਾਂ ਕੋਲ ਸਪੋਰਟਸ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਗਰੇਡੇਸ਼ਨ ਸਰਟੀਫਿਕੇਟ ਹੋਵੇ। ਹੈਂਡੀਕੈਪਡ ਉਮੀਦਵਾਰਾਂ ਲਈ ਸਰਕਾਰੀ ਮੈਡੀਕਲ ਅਫਸਰ/ਸਿਵਲ ਸਰਜਨ ਵਲੋਂ ਜਾਰੀ ਕੀਤਾ Disability Certificate ਲਾਜਮੀ ਹੋਵੇਗਾ ਅਤੇ Disability ਘਟੋ-ਘੱਟ 40 ਪ੍ਰਤੀਸ਼ਤ ਹੋਣੀ ਲਾਜਮੀ ਹੈ।
9) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਸਨੀਕਾਂ ਲਈ ਹੀ ਲਾਗੂ ਹੋਵੇਗਾ।
10) ਉਮੀਦਵਾਰ ਦੀ ਉਮਰ ਮਿਤੀ 01-01-2012 ਅਨੁਸਾਰ 18 ਤੋਂ 38 ਸਾਲ ਦੇ ਦਰਮਿਆਨ ਹੋਵੇ।
    (ਉਮਰ ਵਿੱਚ ਛੋਟ ਰਿਜਰਵ ਕੈਟਾਗਿਰੀਆਂ ਨੂੰ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਦਿੱਤੀ ਜਾਵੇਗੀ।)
11) ਪੁਰਸ ਅਤੇ ਇਸਤਰੀ ਉਮੀਦਵਾਰਾ ਲਈ ਸਾਂਝੀ ਮੈਰਿਟ ਬਣਾਈ ਜਾਵੇਗੀ।
12) ਜਿਹੜੇ ਉਮੀਦਵਾਰ ਪਹਿਲਾਂ ਹੀ ਸਰਕਾਰੀ ਸੇਵਾ ਵਿੱਚ ਹਨ ਉਹ ਯੋਗ ਪ੍ਰਣਾਲੀ ਰਾਹੀਂ ਅਪਲਾਈ ਕਰਨਗੇ ਅਤੇ ਉਮਰ ਵਿੱਚ ਛੋਟ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਪੰਜ ਸਾਲ ਹੋਵੇਗੀ।

**8. ਆਨਲਾਈਨ ਅਪਲਾਈ ਕਰਨ ਦੀ ਵਿਧੀ:**

1) ਉਮੀਦਵਾਰ ਕੇਵਲ ਆਨਲਾਈਨ ਰਾਹੀਂ ਅਰਜੀ ਫਾਰਮ ਭਰਕੇ ਹੀ ਅਪਲਾਈ ਕਰ ਸਕਦੇ ਹਨ। ਸਿਰਫ ਆਨਲਾਈਨ ਫਾਰਮ ਹੀ ਮੰਨਜੂਰ ਕੀਤੇ ਜਾਣਗੇ, ਡਾਕ ਰਾਹੀਂ ਭੇਜੀ ਅਰਜੀ ਜਾਂ ਖੁੱਦ ਆ ਕੇ ਦਿੱਤੀ ਅਰਜੀ ਮੰਨਜੂਰ ਨਹੀਂ ਕੀਤੀ ਜਾਵੇਗੀ।
2) ਉਮੀਦਵਾਰ ਵੱਲੋਂ ਮਿਤੀ 22.10.2012 ਤੋਂ 05.11.2012 ਨੂੰ ਸਾਮ 5:00 ਵਜੇ ਤੱਕ ਵੈਬਸਾਈਟ **http:\\rmsa.ssapunjab.org** ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਕਿਸੇ ਵੀ ਉਮੀਦਵਾਰ ਨੂੰ ਜੇਕਰ ਆਨਲਾਈਨ ਅਪਲਾਈ ਕਰਨ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਇਸ ਦਫਤਰ ਦੇ ਫੋਨ ਨੰ: 0172-5043244 ਤੇ ਸੰਪਰਕ ਕਰ ਸਕਦਾ ਹੈ।
3) ਆਨਲਾਈਨ ਫਾਰਮ ਭਰਨ ਤੋਂ ਪਹਿਲਾਂ ਹੇਠ ਲਿਖੇ ਬੈਂਕਾਂ ਦੀ ਕਿਸੇ ਵੀ ਸ਼ਾਖਾ ਵਿਚ Bank Deposit Form (ਹਰ ਬੈਂਕ ਵਿਚ ਉੱਪਲਬਧ ਹੁੰਦਾ ਹੈ) ਉੱਤੇ ਹੇਠਾਂ ਦਿੱਤਾ ਗਿਆ ਖਾਤਾ ਨੰਬਰ ਅਤੇ ਰਕਮ ਭਰ ਕੇ Director General School Education, Punjab ਦੇ ਨਾਮ ਤੇ ਫੀਸ ਜਮ੍ਹਾਂ ਕਰਵਾਈ ਜਾਵੇ :-

   - Punjab National Bank A/c No. **3252000100616260**
   - State Bank of Patiala A/c No. **65151701476**

*(ਭਰੀ ਗਈ ਫੀਸ ਦੀ ਰਸੀਦ ਸੰਭਾਲ ਕੇ ਰੱਖੀ ਜਾਵੇ ਅਤੇ ਭਰੀ ਗਈ ਫੀਸ ਦੀ ਰਸੀਦ ਕਾਉਂਸਲਿੰਗ ਸਮੇਂ ਪੇਸ਼ ਕਰਨੀ ਲਾਜਮੀ ਹੋਵਗੀ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਮੀਦਵਾਰ ਨੂੰ ਅਯੋਗ ਸਮਝਿਆ ਜਾਵੇਗਾ )*

4) ਆਨਲਾਈਨ ਫਾਰਮ ਭਰਨ ਸਮੇਂ ਬੈਂਕ ਖਾਤਾ ਨੰਬਰ, ਸਬੰਧਤ ਸ਼ਾਖਾ ਦਾ ਪਤਾ (ਜਿਸ ਵਿਚ ਫੀਸ ਜਮ੍ਹਾਂ ਕਰਵਾਈ ਗਈ ਹੈ), ਰਸੀਦ ਨੰਬਰ (ਜੇਕਰ ਬੈਂਕ ਵਲੋਂ ਕੋਈ ਰਸੀਦ ਨੰਬਰ ਦਿੱਤਾ ਗਿਆ ਹੈ ਤਾਂ ਰਸੀਦ ਨੰਬਰ ਭਰਿਆ ਜਾਵੇ), ਮਿਤੀ ਅਤੇ ਰਕਮ ਜਰੂਰ ਭਰੀ ਜਾਵੇ।
5) ਆਨਲਾਈਨ ਫਾਰਮ ਭਰਨ ਉਪਰੰਤ ਇਸ ਨੂੰ Submit ਕੀਤਾ ਜਾਵੇ। Submit ਕਰਨ ਉਪਰੰਤ ਆਨਲਾਈਨ ਫਾਰਮ ਦੇ ਉੱਪਰ ਇੱਕ password ਦਿੱਤਾ ਜਾਂਦਾ ਹੈ, ਇਸ ਨੂੰ ਨੋਟ ਕਰ ਲਿਆ ਜਾਵੇ ਕਿਉਂ ਕਿ ਫਾਰਮ ਵਿਚ modification ਆਦਿ ਕਰਨ ਲਈ ਅਤੇ ਭਵਿੱਖ ਵਿਚ ਫਾਰਮ ਦਾ print ਕਰਨ ਲਈ ਇਸ password ਦੀ ਜਰੂਰਤ ਪਵੇਗੀ।
6) ਜੇਕਰ ਆਨਲਾਈਨ ਫਾਰਮ ਵਿਚ ਭਰੇ ਗਏ ਸਾਰੇ ਕਾਲਮ ਆਪ ਵਲੋਂ ਸਹੀ ਭਰ ਲਏ ਗਏ ਹਨ ਅਤੇ ਆਪ ਭਰੀ ਗਈ ਜਾਣਕਾਰੀ ਨਾਲ ਸੰਤੁਸ਼ਟ ਹੋ ਤਾਂ ਇਸ ਫਾਰਮ ਨੂੰ Approve ਬਟਨ ਦਬਾ ਕੇ Approve ਜਰੂਰ ਕਰੋ। ਬਿਨ੍ਹਾ Approve ਕੀਤੇ ਇਸ ਫਾਰਮ ਨੂੰ registration number ਅਲਾਟ ਨਹੀਂ ਕੀਤਾ ਜਾਵੇਗਾ ਅਤੇ ਇਸ ਫਾਰਮ ਦਾ print ਵੀ ਨਹੀਂ ਲਿਆ ਜਾ ਸਕਦਾ। ਫਾਰਮ ਭਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਪਹਿਲਾਂ ਆਨਲਾਈਨ ਭਰੇ ਗਏ ਫਾਰਮ ਨੂੰ Approve ਕਰਨਾ ਜਰੂਰੀ ਹੈ।
7) ਇੱਕ ਵਾਰ Approve ਕਰਨ ਉਪਰੰਤ ਇਸ ਆਨਲਾਈਨ ਫਾਰਮ ਵਿਚ ਦੁਬਾਰਾ ਕੋਈ ਵੀ ਫੇਰ ਬਦਲ ਨਹੀਂ ਕੀਤਾ ਜਾ ਸਕਦਾ। ਸਿਰਫ ਫਾਰਮ ਦਾ print ਹੀ ਲਿਆ ਜਾ ਸਕਦਾ ਹੈ। ਉਮੀਦਵਾਰ ਆਪਣੀ ਅਰਜੀ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤੀ ਲਈ ਖੁਦ ਜਿੰਮੇਵਾਰ ਹੋਵੇਗਾ। ਚੋਣ ਕਮੇਟੀ, ਪੰਜਾਬ ਇਸ ਲਈ ਜਿੰਮੇਵਾਰ ਨਹੀਂ ਹੋਵੇਗਾ।
8) ਅਪਲਾਈ ਕਰਨ ਸਮੇਂ ਜਦੋਂ ਆਨਲਾਈਨ ਫਾਰਮ ਜਨਰੇਟ ਹੋ ਜਾਵੇ ਤਾਂ ਉਸ ਦੇ ਦੋ ਪ੍ਰਿੰਟ ਆਉਟ ਲੈ ਕੇ ਆਪਣੇ ਕੋਲ ਰੱਖੇ ਜਾਣ ਅਤੇ ਇੱਕ ਪ੍ਰਿੰਟ ਉੱਤੇ ਆਪਣੇ ਸਵੈ ਤਸਦੀਕ ਫੋਟੋ ਚਿਪਕਾ ਕੇ ਸਾਂਭ ਕੇ ਰੱਖੀ ਜਾਵੇ ਅਤੇ ਕਾਉਂਸਲਿੰਗ ਸਮੇਂ ਪੇਸ਼ ਕੀਤਾ ਜਾਵੇ।

ਜਰੂਰੀ ਹਦਾਇਤਾਂ:

1) The candidates are advised to fill their category very carefully. Category once filled will not be changed.
2) ਉਮੀਦਵਾਰ ਵਲੋਂ ਆਨਲਾਈਨ ਅਪਲਾਈ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਘੋਸ਼ਣਾ ਕੀਤੀ ਜਾਵੇਗੀ :
"I hereby declare that I have gone through all the instructions as mentioned above. No claim in this regard will be entertained at the later stage for any mistake made by me."

**ਜਰੂਰੀ ਨੋਟ :** ***ਫਾਰਮ ਭਰਨ ਉਪਰੰਤ ਉਮੀਦਵਾਰ ਆਪਣਾ ਨਾਮ (ਜੋ ਫਾਰਮ ਵਿਚ ਭਰਿਆ ਹੈ), ਜਨਮ ਮਿਤੀ ਅਤੇ ਸਿਸਟਮ ਵਲੋਂ ਜਨਰੇਟ ਕੀਤਾ ਗਿਆ password ਜਰੂਰ ਯਾਦ ਰੱਖੇ ਕਿਉਂ ਕਿ ਇਨ੍ਹਾਂ ਤਿੰਨਾਂ ਕਾਲਮਾਂ ਦੀ ਮਦਦ ਨਾਲ ਹੀ ਭਰੇ ਗਏ ਫਾਰਮ ਸਬੰਧੀ ਜਾਣਕਾਰੀ ਭਵਿੱਖ ਵਿਚ ਦੇਖੀ ਜਾਂ ਪ੍ਰਿੰਟ ਕੀਤੀ ਜਾ ਸਕਦੀ ਹੈ।***

**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ-ਕਮ-ਚੇਅਰਮੈਨ**
**ਭਰਤੀ** ਸ਼ਾਖਾ, ਸਿੱਖਿਆ ਵਿਭਾਗ,
ਐਸ.ਸੀ.ਓ :130-131, ਸੈਕਟਰ- 34 ਏ, ਚੰਡੀਗੜ੍ਹ।